**ਦਫਤਰ ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ) ਪੰਜਾਬ**
**ਚੋਥੀ ਮੰਜਿਲ, ਈ-ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ.ਨਗਰ**
**(ਵਜੀਫਾ ਸ਼ਾਖਾ)**

ਵੱਲ

ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿ./ਐ.ਸਿ.)ਈਮੇਲ ਰਾਹੀਂ

ਸਮੂਹ ਸਕੂਲ ਮੁਖੀ/ਪ੍ਰਿੰਸੀਪਲ (ਵੈਬਸਾਈਟ ਰਾਹੀਂ)

ਮੀਮੋ ਨੰ. ਈ-69266/2026|136522

ਮਿਤੀ- 14-05-2026

**ਵਿਸ਼ਾ:-** **ਸ਼ੈਸਨ 2026-2027 ਦੌਰਾਨ ਵੱਖ-ਵੱਖ ਸੈਂਟਰਲੀ ਸਪਾਂਸ਼ਰਡ ਵਜੀਫਾ ਸਕੀਮਾਂ ਨੂੰ ਨੈਸ਼ਨਲ ਸਕਾਲਰਸਿਪ ਪੋਰਟਲ ਤੇ, ਸਟੇਟ ਸਪਾਂਸ਼ਰਡ ਵਜੀਫਾ ਸਕੀਮਾਂ ਨੂੰ ਈ-ਪੰਜਾਬ ਪੋਰਟਲ ਤੇ ਅਪਲਾਈ ਕਰਵਾਉਣ ਸਬੰਧੀ।**

1.0 ਉਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ੈਸਨ 2026-2027 ਦੌਰਾਨ ਸੈਂਟਰਲੀ ਸਪਾਂਸਰਡ ਵਜੀਫਾ ਸਕੀਮਾਂ **ਪ੍ਰੀ ਮੈਟ੍ਰਿਕ ਸਕਾਲਰਸਿਪ ਫਾਰ ਐਸ.ਸੀ. ਅਤੇ ਪ੍ਰੀ ਮੈਟ੍ਰਿਕ ਸਕਾਲਰਸਿਪ ਫਾਰ ਓ.ਬੀ.ਸੀ. ਲਈ ਨੈਸਨਲ ਸਕਾਲਰਸਿਪ ਪੋਰਟਲ ਮਈ ਦੇ ਅਖੀਰ ਵਿੱਚ ਅਤੇ ਸਟੇਟ ਸਪਾਂਸਰਡ ਵਜੀਫਾ ਸਕੀਮਾਂ ਅਧੀਨ ਯੋਗ ਵਿਦਿਆਰਥੀਆਂ ਨੂੰ ਅਪਲਾਈ ਕਰਵਾਉਣ ਲਈ *ਈ-ਪੰਜਾਬ ਪੋਰਟਲ* ਅਗਸਤ ਦੇ ਪਹਲੇ ਹਫਤੇ ਤੱਕ ਖੋਲ ਦਿਤਾ ਜਾਵੇਗਾ।** ਇਸ ਲਈ ਯੋਗ ਵਿਦਿਆਰਥੀਆਂ ਦੇ ਲੋੜੀਂਦੇ ਦਸਤਾਵੇਜ ਪਹਿਲਾ ਹੀ ਮੁਕੰਮਲ ਕਰਵਾ ਕੇ ਰਿਕਾਰਡ ਵਿੱਚ ਰੱਖ ਲਏ ਜਾਣ ਤਾਂ ਜੋ ਸਮੇਂ ਸਿਰ ਯੋਗ ਵਿਦਿਆਰਥੀਆਂ ਨੂੰ ਅਪਲਾਈ ਕਰਵਾਇਆ ਜਾ ਸਕੇ।

2.0 ਵੱਧ ਤੋਂ ਵੱਧ ਯੋਗ ਵਿਦਿਆਰਥੀਆਂ ਨੂੰ ਅਪਲਾਈ ਕਰਵਾਉਣ ਸਮੇਂ ਕੁਝ ਦਿਸਾ ਨਿਰੇਦਸ਼ ਧਿਆਨ ਵਿੱਚ ਰੱਖਣੇ ਜਰੂਰੀ ਹਨ ਜੋ ਕਿ ਹੇਠ ਦਰਸਾਏ ਅਨੁਸਾਰ ਹਨ:-

1. ਸ਼ੈਸਨ 2026-2027 ਦੌਰਾਨ ਦਾਖਲੇ ਸ਼ੁਰੂ ਹੋ ਚੁੱਕੇ ਹਨ। ਇਸ ਲਈ ਵੱਖ-ਵੱਖ ਸੈਂਟਰਲੀ / ਸਟੇਟ ਸਪਾਂਸ਼ਰਡ ਵਜੀਫਾ ਸਕੀਮਾਂ ਅਧੀਨ ਅਪਲਾਈ ਕਰਵਾਉਣ ਲਈ ਯੋਗ ਵਿਦਿਆਰਥੀਆਂ ਦੀ ਚੋਣ ਦਾਖਲੇ ਸਮੇਂ ਹੀ ਕਰ ਲਈ ਜਾਵੇ।
2. ਜਿਹੜੇ ਵਿਦਿਆਰਥੀ ਵਜੀਫੇ ਦੇ ਯੋਗ ਹਨ, ਉਹਨਾਂ ਦੇ ਲੋੜੀਂਦੇ ਦਸਤਾਵੇਜ ਜਿਵੇਂ ਕਿ **ਇਨਕਮ ਸਰਟੀਫਿਕੇਟ, ਕਿੱਤਾ ਸਰਟੀਫਿਕੇਟ, ਜਾਤੀ ਸਰਟੀਫਿਕੇਟ, ਡੋਮੀਸਾਈਲ ਸਰਟੀਫਿਕੇਟ,ਆਧਾਰ ਨੰਬਰ ਆਦਿ ਤੁਰੰਤ ਬਣਾ ਲਏ ਜਾਣ। ਯੋਗ ਵਿਦਿਆਰਥੀਆਂ ਦੇ ਬੈਂਕ ਅਕਾਉਂਟ ਐਕਟਿਵ ਹੋਣੇ ਚਾਹੀਦੇ ਹਨ ਅਤੇ ਬੈਂਕ ਖਾਤਾ ਆਧਾਰ ਨਾਲ ਸੀਡਿਡ ਹੋਣਾ ਚਾਹੀਦਾ ਅਤੇ ਮਰਜ ਹੋਈਆ ਬੈਂਕਾਂ ਦੇ IFSC ਕੋਡ ਅਪਡੇਟ ਹੋਣੇ ਚਾਹੀਦੇ ਹਨ।** ਇਸ ਲਈ ਇਸ ਸਬੰਧੀ ਤੁਰੰਤ ਧਿਆਨਪੂਰਵਕ ਕਾਰਵਾਈ ਕਰ ਲਈ ਜਾਵੇ।
3. ਵਜੀਫਾ ਅਪਲਾਈ ਕਰਨ ਸਮੇਂ ਆਉਂਦੀਆਂ ਸਮੱਸਿਆਵਾਂ ਦਾ ਨਿਪਟਾਰਾ ਕਰਨ ਲਈ ਸਕੂਲ ਪੱਧਰ ਤੇ ਸਕੂਲ ਮੁਖੀ ਨੂੰ ***ਇਨਸਟੀਚਿਉਟ ਨੋਡਲ ਅਫਸਰ*** ਅਤੇ ਜਿਲਾ ਪੱਧਰ ਤੇ ਜਿਲਾ ਸਿੱਖਿਆ ਅਫਸਰ ਨੂੰ ***ਜਿਲਾ ਸ਼ੈਕਸਨਿੰਗ ਅਥਾਰਟੀ*** ਨਿਯੁਕਤ ਕੀਤਾ ਹੋਇਆ ਹੈ।
4. **ਈਪੰਜਾਬ ਪੋਰਟਲ ਤੇ ਯੋਗ ਵਿਦਿਆਰਥੀਆਂ ਨੂੰ ਅਪਲਾਈ ਕਰਨ ਵਿੱਚ ਜੇਕਰ ਕਿਸੇ ਵੀ ਸਮੱਸਿਆ ਦਾ ਸਮਾਧਾਨ ਸਕੂਲ ਪੱਧਰ ਤੇ ਜਾਂ ਜਿਲਾ ਪੱਧਰ ਤੇ ਨਹੀਂ ਹੁੰਦਾ ਹੈ ਤਾਂ ਕਾਰਨ ਸਪੱਸ਼ਟ ਕਰਦੇ ਹੋਏ, ਮੁੱਖ ਦਫਤਰ ਨੂੰ ਸਮੱਸਿਆਵਾ ਦਾ ਨਿਪਟਾਰਾ ਕਰਨ ਲਈ scholarshipgrievance@gmail.com ਤੇ ਈਮੇਲ ਕੀਤੀ ਜਾਵੇ।**

5. ਸਕੂਲ ਪੱਧਰ ਤੇ ਵਜੀਫਾ ਅਪਲਾਈ ਕਰਨ ਸਮੇਂ ਰੀਨਿਊ ਵਿਦਿਆਰਥੀਆਂ ਦਾ ਡਾਟਾ ਭਰਣ ਸਮੇਂ ਖਾਸ ਤੋਰ ਤੇ ਧਿਆਨ ਦਿਤਾ ਜਾਵੇ।

6. **ਜਿਲਾ ਪੱਧਰ ਤੇ ਜਿਲਾ ਵਜੀਫਾ ਨੋਡਲ ਅਫਸਰ (ਸ਼ੈਕਸਨਿੰਗ ਅਥਾਰਟੀ) ਵਿਦਿਆਰਥੀਆਂ ਅਤੇ ਸਕੂਲਾਂ ਦਾ ਰਿਕਾਰਡ ਚੰਗੀ ਤਰ੍ਹਾਂ ਚੈੱਕ ਕਰਨ ਉਪਰੰਤ ਹੀ ਵੈਰੀਫਾਈ ਕਰਕੇ ਮੁੱਖ ਦਫਤਰ ਨੂੰ ਡਾਟਾ ਫਾਰਵਰਡ ਕਰਨ ਤਾਂ ਜੋ ਯੋਗ ਵਿਦਿਆਰਥੀਆਂ ਨੂੰ ਹੀ ਵਜੀਫੇ ਦੀ ਅਦਾਇਗੀ ਹੋਵੇ।**

7. ਵੱਧ ਤੋਂ ਵੱਧ ਯੋਗ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਦੇ ਹੋਏ ਪੋਰਟਲ ਤੇ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ। ਇਸ ਦੀ ਨਿੱਜੀ ਜਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ।

8. ਸ਼ੈਸਨ 2026-2027 ਦੌਰਾਨ ਈ-ਪੰਜਾਬ ਪੋਰਟਲ ਅਤੇ ਨੈਸ਼ਨਲ ਸਕਾਲਰਸਿਪ ਪੋਰਟਲ ਤੇ ਯੋਗ ਵਿਦਿਆਰਥੀਆਂ ਨੂੰ ਸੈਂਟਰਲੀ/ਸਟੇਟ ਸਪਾਂਸਰਡ ਵਜੀਫਾ ਸਕੀਮਾਂ ਦੀਆਂ ਗਾਈਡਲਾਈਨਜ਼ ਅਨੁਸਾਰ ਉਕਤ ਦਰਸਾਏ ਨੂੰ ਧਿਆਨ ਵਿੱਚ ਰੱਖਦੇ ਹੋਏ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ, ਜੇਕਰ ਮਿੱਥੇ ਸਮੇਂ ਦੇ ਅੰਦਰ-ਅੰਦਰ ਕੋਈ ਸਕੂਲ ਯੋਗ ਵਿਦਿਆਰਥੀਆਂ ਨੂੰ ਅਪਲਾਈ ਨਹੀਂ ਕਰਵਾਉਂਦਾ ਜਾਂ ਸਕੂਲ ਪੱਧਰ /ਜਿਲਾ ਪੱਧਰ ਤੋਂ ਡਾਟਾ ਸਮੇਂ ਸਿਰ ਮੁੱਖ ਦਫਤਰ ਨੂੰ ਫਾਰਵਰਡ ਨਹੀਂ ਕੀਤਾ ਜਾਂਦਾ ਹੈ ਤਾਂ ਇਸ ਸਬੰਧੀ ਸਬੰਧਤਾਂ ਤੇ ਬਣਦੀ ਕਾਰਵਾਈ ਕਰਨ ਲਈ ਉੱਚ ਅਧਿਕਾਰੀਆਂ ਨੂੰ ਲਿਖ ਦਿਤਾ ਜਾਵੇਗਾ।

14.05.2026

**ਸਹਾਇਕ ਡਾਇਰੈਕਟਰ (ਵਜੀਫਾ)**